# ਪੰਜਾਬ ਸਰਕਾਰ
## ਲੋਕ ਨਿਰਮਾਣ ਵਿਭਾਗ
## (ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 21.10.2020 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ, ਪੰਜਾਬ (ਭ ਤੇ ਮ ਸ਼ਾਖਾ) ਵਿੱਚ ਹੇਠ ਦਰਸਾਏ ਨਿਗਰਾਨ ਇੰਜ਼ਨੀਅਰਾਂ (ਸਿਵਲ) ਨੂੰ ਬਤੌਰ ਮੁੱਖ ਇੰਜਨੀਅਰ (ਸਿਵਲ) ਤਨਖਾਹ ਸਕੇਲ 37400-67000+10000/-ਗ੍ਰੇਡ ਪੇਅ ਵਿੱਚ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ੍ਰੀ | ਸੀਨੀਆਰਤਾ ਨੰਬਰ/ਕੈਟਾਗਰੀ | ਵਿਸੇਸ਼ ਕਥਨ |
|---|---|---|---|
| 1. | **ਸ੍ਰੀ ਅਮਰਦੀਪ ਸਿੰਘ ਬਰਾੜ** | 364 (ਜਨਰਲ) | ਮਿਤੀ 21.10.2020 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਇਸ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ )ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਪੱਤਰ ਨੰ:10/91/2017-ਇਸ1(3)/1623119/1, ਮਿਤੀ 31.01.2020 ਰਾਹੀਂ ਜਾਰੀ ਦੋਸ਼ ਸੂਚੀ ਲੰਬਿਤ ਹੋਣ ਕਾਰਨ ਪਦ ਉਨਤੀ ਦਾ ਕੇਸ ਸੀਲਡ ਕਵਰ ਵਿੱਚ ਰੱਖਣ ਦਾ ਫੈਸਲਾ ਲਿਆ ਗਿਆ ਸੀ।<br>2. ਹੁਣ ਇਸ ਅਧਿਕਾਰੀ ਨੂੰ ਜਾਰੀ ਕੀਤੀ ਉਕਤ ਚਾਰਜਸ਼ੀਟ ਸਰਕਾਰ ਦੇ ਪੱਤਰ ਨੰ:10/91/2017- ਇਸ1(3)/989/1- |

| | | | |
|---|---|---|---|
| | | | 3, ਮਿਤੀ 20.11.2020 ਰਾਹੀਂ ਸਮਰੱਥ ਅਥਾਰਟੀ ਵਲੋਂ ਡਰਾਪ ਕੀਤੀ ਗਈ। 3. ਇਸ ਲਈ ਇਸ ਅਧਿਕਾਰੀ ਦਾ ਸੀਲਡ ਕਵਰ ਖੋਲਦੇ ਹੋਏ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ ਪਦ ਉਨਤ ਕੀਤਾ ਜਾਂਦਾ ਹੈ। |
| 2 | **ਨੱਥੂ ਰਾਮ ਗੋਇਲ** | 370(ਜਨਰਲ) | ਸੀਨੀਆਰਤਾ-ਕਮ-ਮੈਰਿਟ ਦੇ ਅਧਾਰ ਤੇ। |
| 3 | **ਭੁਪਿੰਦਰ ਸਿੰਘ ਤੁਲੀ** | 371(ਜਨਰਲ) | ਸੀਨੀਆਰਤਾ-ਕਮ-ਮੈਰਿਟ ਦੇ ਅਧਾਰ ਤੇ। |
| 4 | **ਪਰਮਜੋਤੀ ਅਰੋੜਾ** | 560 (ਅੰਗਹੀਣ ਕੋਟੇ ਵਿੱਚ) | ਸੀਨੀਆਰਤਾ-ਕਮ-ਮੈਰਿਟ ਦੇ ਅਧਾਰ ਤੇ। ਇਹ ਪਦ ਉਨਤੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਸਿਵਲ ਰਿੱਟ ਪਟੀਸ਼ਨ ਨੰ:17114/2020 ਦੇ ਫੈਸਲੇ ਆਦਿ ਤੇ ਅਧਾਰਿਤ ਹੋਵੇਗੀ। |

2. ਇਹ ਪਦਉਨਤੀਆਂ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਤ ਹੋਣਗੀਆਂ:-

I. ਇਹ ਪਦਉਨਤੀਆਂ ਇੱਕ ਸਾਲ ਦੇ ਪਰਖ ਕਾਲ ਤੇ ਹੋਣਗੀਆਂ।

II. ਇਹ ਪਦ-ਉਨਤੀਆਂ ਮਾਨਯੋਗ ਸੁਪਰੀਮ ਕੋਰਟ ਵਿੱਚ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿੱਚ ਲੰਬਿਤ ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨਯੋਗ ਹੋਣਗੀਆਂ।

III. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਕਿਸੇ ਮਾਮਲੇ ਵਿੱਚ ਕੋਰਟ ਵਲੋਂ ਦਿੱਤਾ ਗਿਆ ਫੈਸਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਇਹ ਹੁਕਮ ਮੁੜ ਵਿਚਾਰਨਯੋਗ ਹੋਣਗੇ।

IV. ਉਪਰੋਕਤ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

V. ਜੇਕਰ ਕਿਸੇ ਪਦ ਉਨਤ ਹੋਣ ਵਾਲੇ ਅਧਿਕਾਰੀਆਂ ਵਿਰੁੱਧ ਰਿਕਾਰਡ ਆਦਿ ਦੇ ਆਧਾਰ ਤੇ ਕੋਈ ਨਵਾਂ ਤੱਥ ਧਿਆਨ ਵਿੱਚ ਆਉਂਦਾ ਤਾਂ ਇਹ ਪਦ ਉਨਤੀਆਂ ਮੁੜ ਵਿਚਾਰਨ ਯੋਗ ਹੋਣਗੀਆਂ।

3 ਇਹ ਹੁਕਮ ਮਾਨਯੋਗ ਮੁੱਖ ਮੰਤਰੀ ਪੰਜਾਬ ਵਲੋਂ ਦਿੱਤੀ ਗਈ ਪ੍ਰਵਾਨਗੀ ਜੋ ਕਿ ਪ੍ਰਸੋਨਲ ਵਿਭਾਗ ਵਲੋਂ ਅੰ.ਵਿ.ਪੱ.ਨੰ:13/1/2020-5ਪੀ.ਪੀ1/691, ਮਿਤੀ 30.7.2021 ਰਾਹੀਂ ਭੇਜੀ ਗਈ ਹੈ, ਅਨੁਸਾਰ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**

**04.8.2021**

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ)**

ਪਿੱਠ.ਅੰ.ਨੰ: 02/18/2020-ਇਸ1(1)/ 274-278 ਮਿਤੀ, ਚੰਡੀਗੜ੍ਹ: 06/8/2021

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
III. ਮੁੱਖ ਇੰਜਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ।
IV. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਸ.ਸੀ.ਓ ਨੰ: 61-32, ਫੇਜ-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪ-ਲੋਡ ਕਰਨ ਹਿੱਤ।
V. ਸਬੰਧਤ ਅਧਿਕਾਰੀ ਮਾਰਫਤ; ਮੁੱਖ ਇੰਜ਼ਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ।

**ਅਧੀਨ ਸਕੱਤਰ, ਲੋਕ ਨਿਰਮਾਣ**

**ਮੋਹਨ ਸਿੰਘ**
**ਸੀਨੀਅਰ ਸਹਾਇਕ**

ਅੰਦਰੂਨੀ ਵੰਡ:-

1. ਸਕੱਤਰ/ਲੋ.ਨਿ.ਮੰ. ਜੀ।
2. ਨਿਜੀ ਸਕੱਤਰ/ਪ੍ਰਮੁੱਖ ਸਕੱਤਰ ਲੋਕ ਨਿਰਮਾਣ ਵਿਭਾਗ, ਪੰਜਾਬ।
3. ਨਿੱਜੀ ਸਹਾਇਕ/ਵਧੀਕ ਸਕੱਤਰ ਲੋਕ ਨਿਰਮਾਣ ਵਿਭਾਗ, ਪੰਜਾਬ।
4. ਨਿੱਜੀ ਸਹਾਇਕ/ਅਧੀਨ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
5. ਸਟੈਨੋ, ਇਮਾਰਤਾਂ ਅਤੇ ਸੜਕਾਂ-1 ਸ਼ਾਖਾ ਅਤੇ 3 ਸ਼ਾਖਾ।